# ਇਹ ਤਸਵੀਰ, ਬਸ ਤਸਵੀਰ ਹੀ ਨਹੀਂ ਹੈ

ਅਨੀਤਾ ਸ਼ਬਦੀਸ਼

ਮੈਂ ਫੋਟੋਕਾਰ ਨਹੀਂ ਹਾਂ, ਜਿਵੇਂ ਗੁਰਸ਼ਰਨ ਭਾਅ ਜੀ ਦੀ ਮੁਲਾਕਾਤ ਪ੍ਰਕਾਸ਼ਿਤ ਕਰਦਿਆਂ 'ਹੁਣ' ਨੇ ਆਪਣੇ ਪਾਠਕਾਂ ਨੂੰ ਦੱਸਿਆ ਹੈ ਤੇ ਇਹ ਫੋਟੋ ਵੀ ਬਸ ਫੋਟੋ ਹੀ ਨਹੀਂ ਹੈ, ਜਿਵੇਂ ਮੈਂ ਦੱਸਣਾ ਚਾਹੁੰਦੀ ਹਾਂ। ਇਹ ਉਹ ਹਸਤੀ ਦੀ ਤਸਵੀਰ ਹੈ, ਮੈਂ ਜਿਸ ਨੂੰ ਸਾਰੇ ਪੰਜਾਬੀਆਂ ਵਾਂਗ 'ਭਾਅ ਜੀ' ਆਖਦੀ ਹਾਂ, ਪਰ ਮੰਨਦੀ ਪਿਤਾ ਸਮਾਨ ਹਾਂ ਤੇ 'ਭਾਬੀ ਜੀ' ਕੋਲੋਂ ਵੀ ਮੈਨੂੰ ਮਾਂ ਦੀ ਮਮਤਾ ਮਿਲਦੀ ਹੈ। ਇਹ ਤਸਵੀਰ ਖਿੱਚਣ ਵੇਲੇ ਇਸ 'ਮਾਤਾ-ਪਿਤਾ' ਦੀਆਂ ਅੱਖਾਂ ਵਿਚ ਭਾਵੁਕਤਾ ਦਾ ਹੜ੍ਹ ਵੇਖ ਕੇ ਖ਼ੁਸ਼ੀ ਵਿਚ ਪਾਗਲ ਹੋਈ ਪਈ ਸਾਂ, ਹੰਝੂ ਵਹਾ ਰਹੀ ਸਾਂ, ਜਿਨ੍ਹਾਂ ਦੀ ਕੋਈ ਤਸਵੀਰ ਨਹੀਂ ਹੈ। ਇਸੇ ਲਈ ਤਾਂ ਆਖ ਰਹੀ ਹਾਂ—ਇਹ ਬਸ ਤਸਵੀਰ ਨਹੀਂ ਹੈ।

ਮੈਂ ਜਨਤਾ ਦਾ ਉਤਸ਼ਾਹ ਵੇਖ ਕੇ ਧੰਨ-ਧੰਨ ਹੋ ਰਹੀ ਸਾਂ ਤੇ ਕੋਸ ਰਹੀ ਸਾਂ ਆਪਣੇ ਉਨ੍ਹਾਂ ਰੰਗਕਰਮੀ ਸਾਥੀਆਂ ਨੂੰ, ਜਿਨ੍ਹਾਂ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਜ਼ਹਿਮਤ ਨਹੀਂ ਸੀ ਉਠਾਈ। ਸ਼ਾਇਦ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਕੁੱਸਾ ਪਿੰਡ ਵਿਚ ਕੋਈ ਇਤਿਹਾਸ ਰਚਿਆ ਜਾ ਰਿਹਾ ਹੈ। ਇਕ ਰੰਗਕਰਮੀ ਦੀ ਗੱਲ ਚੇਤੇ ਆ ਰਹੀ ਸੀ, ਜਿਸ ਨੇ 'ਗੁਰਸ਼ਰਨ ਸਿੰਘ ਨਾਟ-ਉਤਸਵ' ਦਾ ਆਗ਼ਾਜ਼ ਹੋਣ ਸਮੇਂ (2004) ਆਮ ਉਤਸ਼ਾਹੀ ਭਾਵਨਾ ਦੇ ਉਲਟ ਆਖਿਆ ਸੀ— 'ਸਾਨੂੰ ਇਸ ਵਿੱਚੋਂ ਭਲਾ ਕੀ ਮਿਲੇਗਾ?' ਕਾਸ਼! ਉਹ ਇਸ ਤਸਵੀਰ ਦੇ ਸਾਕਾਰ ਹੋਣ ਸਮੇਂ ਹਾਜ਼ਰ ਹੁੰਦਾ। ਉਸ ਨੂੰ ਵੀ ਪਤਾ ਲੱਗਦਾ ਸਾਡੇ ਰੰਗਮੰਚ ਨੂੰ ਪੰਜਾਬ ਦੀ ਜਨਤਾ ਕੀ ਦੇ ਰਹੀ ਹੈ! ਉਸ ਵਿੱਚੋਂ ਭਵਿੱਖ ਦੇ ਰੰਗਕਰਮੀ ਹੋਣ ਲਈ ਸਾਨੂੰ ਕੀ ਮਿਲ ਰਿਹਾ ਹੈ! ਉਹ ਸਭ ਹਾਸਿਲ ਕਰਕੇ ਹੀ ਤਾਂ ਕਹਿ ਰਹੀ ਹਾਂ—ਇਹ ਤਸਵੀਰ, ਬਸ ਤਸਵੀਰ ਨਹੀਂ ਹੈ। ਇਸ ਪਿੱਛੇ ਤਾਂ ਇਕ ਇਤਿਹਾਸ ਹੈ। ਮੇਰਾ ਆਪਣਾ ਵੀ, ਜਿਸ ਸਦਕਾ ਮੇਰਾ 'ਨਵਾਂ ਜਨਮ' ਹੋਇਆ ਹੈ। ਜੇ ਗੱਲ ਭਾਅ ਜੀ ਦੇ ਪਿਤਾ ਸਮਾਨ ਪਿਆਰ ਦੀ ਹੀ ਹੋਵੇ ਤਾਂ ਇਹ ਕਹਿਣਾ ਸ਼ਾਇਦ ਬਹੁਤਾ ਠੀਕ ਨਹੀਂ ਹੈ ਕਿ ਇਸ ਦੀ ਹੱਕਦਾਰ ਬਸ ਮੈਂ ਹੀ ਹਾਂ। ਫਿਰ ਵੀ ਆਖਦੀ ਹਾਂ-ਇਹ ਤਸਵੀਰ, ਮੇਰੇ ਲਈ ਬਸ ਤਸਵੀਰ ਨਹੀਂ ਹੈ। ਇਸ ਨੂੰ ਤੱਕਦਿਆਂ ਮੇਰੇ ਮਨ ਅੰਦਰ ਕਈ ਤਰ੍ਹਾਂ ਦੇ ਤੂਫ਼ਾਨ ਪੈਦਾ ਹੁੰਦੇ ਹਨ, ਕਈ ਤਰ੍ਹਾਂ ਦੇ ਧਰਵਾਸੇ ਵੀ ਮਿਲਦੇ ਹਨ। ਕਿਸੇ ਤਸਵੀਰ ਵਿੱਚੋਂ ਤੂਫ਼ਾਨ ਤੇ ਧਰਵਾਸੇ, ਦੋਵੇਂ ਮਿਲਣ ਤਾਂ ਕੀ ਉਹ ਤਸਵੀਰ ਆਮ ਤਸਵੀਰ ਕਹੀ ਜਾ ਸਕਦੀ ਹੈ?

ਇਸ ਤਸਵੀਰ ਵਿਚ ਕੈਲਾਸ਼ ਕੌਰ ਵੀ ਹਨ। ਉਹ ਡਾ. ਹਰਚਰਨ ਸਿੰਘ ਦੀ ਪਤਨੀ ਧਰਮ ਕੌਰ ਤੇ ਸ਼ੀਲਾ ਭਾਟੀਆ ਤੋਂ ਬਾਅਦ ਰੰਗਮੰਚ ਉੱਤੇ ਆਈ। ਪਹਿਲੀ ਪੀੜ੍ਹੀ ਤੋਂ ਪ੍ਰਮੁੱਖ ਹਨ, ਜਦੋਂ ਅਜੇ ਮੁੰਡੇ ਹੀ ਕੁੜੀਆਂ ਦੀ ਭੂਮਿਕਾ ਨਿਭਾ ਰਹੇ ਸਨ। ਕਈ ਹੋਰ ਵੀ ਹੋਣਗੀਆਂ, ਜੋ ਪਤਨੀਆਂ, ਭੈਣਾਂ ਜਾਂ ਬੇਟੀਆਂ ਦੀ ਹੈਸੀਅਤ ਵਿਚ ਹੀ ਮੰਚ ਉਤੇ ਆ ਸਕਦੀਆਂ ਹਨ।

ਇਹ ਉਸ ਪੰਜਾਬੀ ਰੰਗਮੰਚ ਦੇ ਇਤਿਹਾਸ ਦਾ ਸੱਚ ਹੈ, ਜਿਸ ਦਾ ਆਗਾਜ਼ ਹੀ ਇਕ ਔਰਤ—ਨੌਰਾ ਰਿਚਰਡ ਦੇ ਹੱਥੋਂ ਹੁੰਦਾ ਹੈ। ਕੈਲਾਸ਼ ਕੌਰ ਤੇ ਉਨ੍ਹਾਂ ਦੀਆਂ ਦੋਵੇਂ ਧੀਆਂ-ਡਾ. ਨਵਸ਼ਰਨ ਕੌਰ ਤੇ ਡਾ. ਅਰੀਤ ਕੌਰ- ਵੀ ਭਾਅ ਜੀ ਦੀ ਬਦੌਲਤ ਹੀ ਮੰਚ ਉੱਤੇ ਆਉਂਦੀਆਂ ਹਨ ਤੇ ਇਸ ਹਕੀਕਤ ਨੂੰ ਇਸੇ ਤਰ੍ਹਾਂ ਸਵੀਕਾਰ ਕਰਦੀਆਂ ਹਨ। ਉਨ੍ਹਾਂ ਦੀ ਸੱਚਾਈ ਚੰਗੀ ਲੱਗਦੀ ਹੈ, ਪਰ ਸੋਚਣ ਵਾਲੀ ਗੱਲ ਹੈ ਕਿ ਇਸ ਹਕੀਕਤ ਨੂੰ ਤਬਦੀਲ ਕਿਵੇਂ ਕੀਤਾ ਜਾ ਸਕਦਾ ਹੈ? ਮੈਂ ਵੀ ਰੰਗਕਰਮੀ ਭਰਾ ਦੀ ਭੈਣ ਵਜੋਂ ਹੀ ਮੰਚ 'ਤੇ ਆਈ ਹਾਂ ਤੇ ਇਸ ਕਰਕੇ ਵੀ ਕਿ ਮੇਰੇ ਸ਼ਾਇਰ ਪਿਤਾ ਧਰਮਪਾਲ ਉਪਾਸ਼ਕ ਨੂੰ ਕੋਈ ਇਤਰਾਜ਼ ਨਹੀਂ ਸੀ, ਸਗੋਂ ਭਰਾ ਵਾਲਾ ਕੰਮ ਕਰਨ ਦੀ ਜ਼ਿਦ ਚੰਗੀ ਲੱਗਦੀ ਸੀ। ਇਥੇ ਤਾਂ ਅਜੇ ਰੰਗਕਰਮੀ-ਨਾਟਕਕਾਰ ਵੀ ਹਨ, ਜਿਨ੍ਹਾਂ ਨੂੰ ਥੀਏਟਰ ਪਰਸਨਜ਼ ਅੰਮ੍ਰਿਤਸਰ ਦਾ ਨਾਰੀ ਰੰਗਮੰਚ ਉਤਸਵ ਚੰਗਾ ਨਹੀਂ ਲੱਗ ਸਕਿਆ। ਇਸ ਕਰਕੇ ਵੀ ਕਹਿ ਰਹੀ ਹਾਂ—ਇਹ ਤਸਵੀਰ, ਬਸ ਤਸਵੀਰ ਨਹੀਂ ਹੈ।

ਇਸ ਤਸਵੀਰ ਦੇ ਪਿੱਛੇ ਵੀ ਕਈ ਮਹਾਨ ਚਿਹਰੇ ਹਨ। ਸੰਤੋਖ ਸਿੰਘ ਧੀਰ ਹਨ, ਜਿਨ੍ਹਾਂ ਦੀ ਕਹਾਣੀ 'ਡਾਇਣ' ਉਤੇ ਆਧਾਰਤ ਨਾਟਕ ਮੇਰੀ ਅਦਾਕਾਰੀ ਦੇ ਮੁੱਢਲੇ ਦਿਨਾਂ ਦਾ ਚੇਤਾ ਕਰਵਾਉਂਦਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾ. ਗੰਧਰਵ ਸੈਨ ਹਨ, ਜਿਸ ਕਮੇਟੀ ਦੀ ਬਦੌਲਤ 'ਇਤਿਹਾਸ ਦੇ ਸਫ਼ੇ 'ਤੇ' ਵਰਗਾ ਨਾਟਕ ਹੋਇਆ ਸੀ, ਜਿਸ ਵਿਚ ਮੈਨੂੰ ਗ਼ਦਰ ਲਹਿਰ ਦੇ ਇਤਿਹਾਸ ਦੀ ਇਕਲੌਤੀ ਨਾਇਕ ਗ਼ੁਲਾਮ ਕੌਰ ਦੀ ਭੂਮਿਕਾ ਅਦਾ ਕਰਨ ਦਾ ਅਵਸਰ ਮਿਲਿਆ ਸੀ। ਜੇ ਭਾਅ ਜੀ ਦੀ ਸ਼ਰਨ ਵਿਚ ਆ ਕੇ 'ਨਵਾਂ-ਜਨਮ' ਨਾ ਹੁੰਦਾ, ਤਾਂ ਕਿੱਥੋਂ ਨਿਭਾ ਸਕਣੀ ਸੀ ਮੈਂ ਇਕ ਮਹਾਂ-ਬਾਗ਼ੀ ਇਸਤਰੀ ਦੀ ਭੂਮਿਕਾ! ਇਸੇ ਲਈ ਫਿਰ ਆਖਦੀ ਹਾਂ—ਇਹ ਤਸਵੀਰ ਬਸ ਤਸਵੀਰ ਨਹੀਂ ਹੈ।

ਇਸ ਤਸਵੀਰ ਵਿਚ ਪ੍ਰੋ. ਜਗਮੋਹਨ ਸਿੰਘ ਹਨ। ਬੀਬੀ ਅਮਰ ਕੌਰ ਦੇ ਪੁੱਤਰ। ਸ਼ਹੀਦ ਭਗਤ ਸਿੰਘ ਦੇ ਭਾਣਜੇ। ਉਨ੍ਹਾਂ ਦੀ ਇਥੇ ਹਾਜ਼ਰੀ ਦੇ ਵੀ ਅਰਥ ਹਨ। ਉਹ ਪਰਿਵਾਰ ਦੇ ਜੀਅ ਹਨ। ਉਸ ਪਰਿਵਾਰ ਦੇ ਨਹੀਂ, ਜਿਸ ਦਾ ਅਰਥ ਸ਼ਹੀਦ ਨਾਲ ਰਿਸ਼ਤੇ 'ਚੋਂ ਹੀ ਤੈਅ ਹੁੰਦਾ ਹੈ, ਸਗੋਂ ਉਸ ਪਰਿਵਾਰ ਦੇ ਮੈਂਬਰ ਹਨ, ਜਿਸ ਨੂੰ ਭਗਤ ਸਿੰਘ ਦੇ ਵਿਚਾਰਾਂ ਦਾ ਪਰਿਵਾਰ ਕਿਹਾ ਜਾਂਦਾ ਹੈ। ਇਸ ਨਾਤੇ ਵੀ ਤਾਂ ਕਿਹਾ ਜਾ ਸਕਦਾ ਹੈ—ਇਹ ਤਸਵੀਰ, ਬਸ ਤਸਵੀਰ ਨਹੀਂ ਹੈ।

ਇਹ 11 ਜਨਵਰੀ, 2006 ਨੂੰ ਖਿੱਚੀ ਗਈ ਸੀ, ਜਦੋਂ ਕੁੱਸਾ ਵਿਚ ਮਹਾਨ ਜਨਤਕ ਇਕੱਠ ਵਿਚ 'ਇਨਕਲਾਬੀ ਨਿਹਚਾ ਸਨਮਾਨ' ਸਮਾਰੋਹ ਚੱਲ ਰਿਹਾ ਸੀ। ਇਸੇ ਦਿਨ 'ਪੰਜਾਬੀ ਟ੍ਰਿਬਿਊਨ' ਨੇ ਲੋਕ ਰਾਇ ਦੀ ਬਿਨਾ ਉਤੇ ਗੁਰਸ਼ਰਨ ਭਾਅ ਜੀ ਨੂੰ 'ਸਾਲ 2005 ਦਾ ਪੰਜਾਬੀ' ਐਲਾਨ ਕੀਤਾ ਸੀ। ਮੈਂ ਤਾਂ ਉਸ ਹਕੀਕਤ ਦੀ ਫੋਟੋਕਾਰ ਹਾਂ ਤੇ ਇਹ ਗੱਲਾਂ ਆਪਣੇ ਅਹਿਸਾਸ ਸਾਂਝੇ ਕਰਨ ਲਈ ਆਖੀਆਂ ਹਨ। ਕੀ ਇਸ ਫੋਟੋ ਦੇ ਇਤਿਹਾਸ ਦਾ ਅਹਿਸਾਸ ਮਨ ਅੰਦਰ ਜਗਾਉਂਦੇ ਸਾਰ ਤੁਸੀਂ ਨਹੀਂ ਕਹੋਗੇ—'ਇਹ ਤਸਵੀਰ, ਬਸ ਤਸਵੀਰ ਨਹੀਂ ਹੈ।'